# इक्क दर माई दा वंडन वाला

ਇੱਕ ਦਰ, ਮਾਈ ਦਾ ਵੰਡਣ ਵਾਲਾ ॥
ਮੰਗਣ ਵਾਲੇ ਕਈ ਕਰੋੜ* ।
*ਹੋ,,, ਬੱਚੜੇ ਆਪਣੀ ਮਾਂ ਤੋਂ ਮੰਗਦੇ,
ਦੇਵਾਂ ਦੇਵਾਂ ਹੋਰ ਹੋਰ*,,,
ਇੱਕ ਦਰ, ਮਾਈ ਦਾ ਵੰਡਣ ਵਾਲਾ । -॥

ਤੂੰ ਸਾਰੀ ਦੁਨੀਆਂ ਪਾਲ਼ੀ ਏ,
ਤੂੰ ਦੁੱਧ ਪੁੱਤ ਦੇਵਣ ਵਾਲੀ ਏ ।
ਤੈਨੂੰ ਅੰਨਪੂਰਨਾ ਕਹਿੰਦੇ ਨੇ,
ਸਭ ਤੈਥੋਂ ਅੰਨ ਧੰਨ ਲੈਂਦੇ ਨੇ ।
ਤੇਰੇ ਯੁਗਾਂ ਤੋਂ ਲੰਗਰ ਚੱਲਦੇ ਨੇ* ।
ਜਿੱਥੇ ਭੋਜਨ ਸਭ ਨੂੰ ਮਿਲਦੇ ਨੇ* ।

ਤੇਰੇ ਭਰੇ ਹੋਏ ਭੰਡਾਰ ਨੀ ਮਾਂ,
ਤੈਥੋਂ ਮੰਗਦਾ ਕੁੱਲ ਸੰਸਾਰ ਨੀ ਮਾਂ ।
ਤੇਰੀ ਦਇਆ ਦਾ ਸਾਗਰ ਡੂੰਘਾ ਮਾਂ,
ਜੋ ਕਦੇ ਨਾ ਖ਼ਾਲੀ ਹੁੰਦਾ ਮਾਂ ।
ਤੂੰ ਸਭ ਨੂੰ ਵੰਡਦੀ ਖੈਰਾਂ ਏ* ।
ਲਾ ਦੇਂਦੀ ਲਹਿਰਾਂ ਬਹਿਰਾਂ ਏ* ।
*ਹੋ,,, ਸਭ ਦੀ ਅਰਜ਼ੀ ਉੱਤੇ ਹੁੰਦਾ ,
ਤੇਰੇ ਬੂਹੇ ਤੇ ਗੌਰ ਗੌਰ*,,,
ਇੱਕ ਦਰ, ਮਾਈ ਦਾ ,,,,,,,,,,,,,F

ਤੂੰ ਭੈਣਾਂ ਨੂੰ ਵੀਰ ਮਿਲਾਉਂਦੀ ਏ,
ਘਰ ਜਾ ਕਰ ਲਾਲ ਖ਼ਿਡਾਉਂਦੀ ਏ ।
ਤੇਰੇ ਦਰ ਤੇ ਘਾਟਾ ਕੋਈ ਨਹੀਂ,
ਤੈਨੂੰ ਥੋੜ ਕਦੇ ਵੀ ਹੋਈ ਨਹੀਂ ।
ਜਦੋਂ ਝੁੱਗੀ ਵਾਲਾ ਆਉਂਦਾ ਏ* ।
ਮਾਂ ਵਧੀਆ ਕੋਠੀ ਚਾਹੁੰਦਾ ਏ* ।

ਜਦੋਂ ਕੋਠੀਆਂ ਵਾਲੇ ਝੁੱਕਦੇ ਨੇ,
ਓਹ ਮਹਿਲ ਮੁਨਾਰੇ ਮੰਗਦੇ ਨੇ ।
ਤੂੰ ਸਭ ਦੇ ਪੱਲੇ ਭਰਦੀ ਏ,
ਮਾਂ ਸਿੱਧ ਮਨੋਰਥ ਕਰਦੀ ਏ ।
ਜੋ ਅੜ੍ਹ ਕੇ ਦਰ ਤੇਰੇ ਬਹਿ ਜਾਂਦੇ* ।
ਓਹ ਮਨ ਚਾਹਿਆ ਫ਼ਲ ਲੈ ਜਾਂਦੇ* ।
*ਹੋ,,, ਤੇਰੇ ਹੱਥਾਂ ਵਿੱਚ ਏ ਮਾਂਏਂ,
ਸਭ ਭਗਤਾਂ ਦੀ ਡੋਰ ਡੋਰ*,,,
ਇੱਕ ਦਰ, ਮਾਈ ਦਾ ,,,,,,,,,,,,,F

ਮਾਂ ਭਾਵਨਾ ਜਿਸਦੀ ਜੈਸੀ ਏ,
ਤੇਰੀ ਰਹਿਮਤ ਉਸ ਤੇ ਵੈਸੀ ਏ ।

ਤੂੰ ਖ਼ਾਲੀ ਕਿਸੇ ਨੂੰ ਮੋੜਦੀ ਨਾ,
ਆਸਾਂ ਦਾ ਕਾਸਾ ਤੋੜਦੀ ਨਾ।
ਤੂੰ ਬੜੀ ਦਿਆਲੂ ਮਹਾਂ ਮਾਈਏ* ।
ਤੂੰ ਸਭ ਦੀ ਫੜ੍ਹਦੀ ਬਾਂਹ ਮਾਈਏ* ।

ਜੇਹੜਾ ਸੱਚੀ ਸ਼ਰਧਾ ਦੇਂਦਾ ਏ,
ਓਹਦਾ ਵਾਲ਼ ਨਾ ਹੁੰਦਾ ਵਿੰਗਾਂ ਏ।
ਤੂੰ ਸਭਨਾਂ ਦੀ ਪੱਤ ਰੱਖਦੀ ਏ,
ਤੂੰ ਸਭਦੇ ਪਰਦੇ ਢੱਕਦੀ ਏ।
ਤੇਰੇ ਵਰਗਾ ਜੱਗ ਤੇ ਕੋਈ ਨਹੀਂ* ।
ਓ ਸਾਨੂੰ ਹੋਰ ਕਿਤੇ ਵੀ ਢੋਈ ਨਹੀਂ* ।
*ਹੋ,,, ਤੇਰੇ ਸਿਵਾ ਏਹ ਨਿਰਦੋਸ਼ਾਂ ਦਾ,
ਕਿਤੇ ਨਾ ਚੱਲਦਾ ਜ਼ੋਰ ਜ਼ੋਰ*,,,
ਇੱਕ ਦਰ, ਮਾਈ ਦਾ ,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

स्वर : नरेन्द्र चंचल

https://bhajanganga.com/bhajan/lyrics/id/24855/title/ik-dar-mayi-da-vandan-wala

अपने Android मोबाइल पर BhajanGanga App डाउनलोड करें और भजनों का आनंद ले |